ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਭਾਰਤੀ ਲੋਕਤੰਤਰ ਵਿਚ ਬੀ. ਆਰ. ਅੰਬੇਦਕਰ ਦੀ ਵੱਡੀ ਦੇਣ-ਸੋਨੀ**

**ਜਨਮ ਦਿਵਸ ਮੌਕੇ ਦੇਸ਼ ਦੇ ਸੰਵਿਧਾਨ ਨਿਰਮਾਤਾ ਨੂੰ ਕੀਤਾ ਯਾਦ**

**ਡਿਪਟੀ ਕਮਿਸ਼ਨਰ ਵੱਲੋਂ ਵੀ ਜਿਲਾ ਵਾਸੀਆਂ ਨੂੰ ਵਧਾਈ**

ਅੰਮ੍ਰਿਤਸਰ, 14 ਅਪ੍ਰੈਲ ( )-

ਦੇਸ਼ ਦੇ ਸੰਵਿਧਾਨ ਨਿਰਮਾਤਾ ਡਾਕਟਰ ਬੀ. ਆਰ. ਅੰਬੇਦਕਰ ਨੂੰ ਉਨਾਂ ਦੇ 129 ਵੇਂ ਜਨਮ ਦਿਹਾੜੇ ਮੌਕੇ ਯਾਦ ਕਰਦੇ ਹੋਏ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ. ਪੀ. ਸੋਨੀ ਨੇ ਕਿਹਾ ਕਿ ਸ੍ਰੀ ਅੰਬੇਦਕਰ ਸਾਡੇ ਸੰਵਿਧਾਨ ਦੇ ਪਿਤਾ ਹਨ। ਗਰੀਬਾਂ ਨੂੰ ਉਚਾ ਚੁੱਕਣ ਵਿਚ ਉਨਾਂ ਵੱਡਾ ਯੋਗਦਾਨ ਪਾਇਆ। ਉਨਾਂ ਕਿਹਾ ਕਿ ਅੱਜ ਜੇਕਰ ਭਾਰਤ ਦੁਨੀਆਂ ਦਾ ਵੱਡਾ ਲੋਕਤੰਤਰ ਦੇਸ਼ ਹੈ ਤਾਂ ਇਹ ਡਾ. ਅੰਬੇਦਕਰ ਦੁਆਰਾ ਬਣਾਏ ਗਏ ਸੰਵਿਧਾਨ ਦੀ ਬਦੌਲਤ ਹੀ ਹੈ, ਜਿਸ ਵਿਚ ਸਾਰੇ ਦੇਸ਼ ਵਾਸੀਆਂ ਨੂੰ ਬਰਾਬਰ ਦੇ ਹੱਕ ਦਿੱਤੇ ਗਏ ਹਨ।

ਸ੍ਰੀ ਸੋਨੀ ਨੇ ਕਿਹਾ ਕਿ ਉਹ ਉਸ ਦੇਸ਼ ਦੇ ਵੱਡੇ ਵਿਦਵਾਨ ਸਨ ਅਤੇ ਅੱਜ ਵੀ ਉਨਾਂ ਦੀਆਂ ਸਿੱਖਿਆਵਾਂ ਸਮੇਂ ਦੀ ਘਸਵੱਟੀ ਉਤੇ ਉਨੀਆਂ ਹੀ ਖ਼ਰੀਆਂ ਉਤਰਦੀਆਂ ਹਨ। ਉਨਾਂ ਕਿਹਾ ਕਿ ਇਕ ਸਮਾਜ ਸੁਧਾਰਕ ਵਜੋਂ ਵਿਚਰਦੇ ਹੋਏ ਸ੍ਰੀ ਅੰਬੇਦਕਰ ਨੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ। ਇਸੇ ਦੌਰਾਨ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਵੀ ਜਿਲਾ ਵਾਸੀਆਂ ਨੂੰ ਡਾ. ਬੀ. ਆਰ. ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਵਧਾਈ ਦਿੰਦੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੇ ਵਿਦਵਾਨ ਪੁਰਸ਼ਾਂ ਵੱਲੋਂ ਵਿਖਾਏ ਮਾਰਗ ਉਤੇ ਚੱਲਦੇ ਹੋਏ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ, ਤਾਂ ਕਿ ਦੇਸ਼ ਦੇ ਹਰ ਨਾਗਰਿਕ ਨੂੰ ਵਿਕਾਸ ਦੇ ਬਰਾਬਰ ਮੌਕੇ ਮਿਲ ਸਕਣ ਅਤੇ ਕੋਈ ਵੀ ਨਾਗਰਿਕ ਆਪਣੀਆਂ ਮੁੱਢਲੀਆਂ ਲੋੜਾਂ ਤੋਂ ਵਿਰਵਾ ਨਾ ਰਹੇ।

==========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਖੇਤੀ ਮਾਹਿਰਾਂ ਦੀ ਰੈਅ ਹੁਣ ਇਕ ਫੋਨ ਕੋਲ ਉਤੇ-ਮੁੱਖ ਖੇਤੀਬਾੜੀ ਅਧਿਕਾਰੀ**

**ਕਿਸਾਨ ਬਿਨਾਂ ਝਿਜਕ ਫੋਨ ਕਰਕੇ ਲੈ ਰਹੇ ਹਨ ਖੇਤੀ ਮਾਹਿਰਾਂ ਦੇ ਮਸ਼ਵਰੇ**

ਅੰਮ੍ਰਿਤਸਰ, 14 ਅਪ੍ਰੈਲ ( ) –

ਕਰਫਿਊ ਦੇ ਦਿਨ ਤੋਂ ਹੀ ਕਿਸਾਨਾਂ ਨਾਲ ਫਸਲਾਂ ਦੀਆਂ ਸਮੱਸਿਆਵਾਂ ਤੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਲਈ ਖਾਦ, ਬੀਜ ਤੇ ਕੀਟਨਾਸ਼ਕਾਂ ਆਦਿ ਦੀ ਸਲਾਹ ਦੇਣ ਲਈ ਖੇਤੀਬਾੜੀ ਵਿਭਾਗ ਨੇ ਫੋਨ ਉਤੇ ਕਾਸਨਾਂ ਨਾਲ ਰਾਬਤਾ ਬਣਾਇਆ ਹੋਇਆ ਹੈ। ਇਸ ਲਈ ਵੱਖ-ਵੱਖ ਅਧਿਕਾਰੀਆਂ ਦੀਆਂ ਬਕਾਇਦਾ ਡਿਊਟੀ ਲਗਾਈ ਗਈ ਹੈ, ਜੋ ਕਿ ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਤੇ ਸਲਾਹ ਦਿੰਦੇ ਹਨ। ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਿੰਦਰਜੀਤ ਸਿੰਘ ਨੇ ਇਹ ਪ੍ਰਗਟਾਵਾ ਕਰਦੇ ਦੱਸਿਆ ਕਿ ਮੈਨੂੰ ਖੁਸ਼ੀ ਹੈ ਕਿ ਸਾਡੇ ਕਿਸਾਨ ਇਸ ਕਾਲ ਸੈਂਟਰ ਵਿਚ ਫੋਨ ਕਰਕੇ ਲਗਾਤਾਰ ਸਾਡੇ ਮਾਹਿਰਾਂ ਦੀ ਰੈਅ ਲੈ ਰਹੇ ਹਨ। ਉਨਾਂ ਦੱਸਿਆ ਕਿ 15 ਅਪ੍ਰੈਲ ਤੱਕ ਤਿਆਰ ਕੀਤੇ ਗਏ ਰੋਸਟਰ ਅਨੁਸਾਰ ਸੁਖਮਿੰਦਰ ਸਿੰਘ ਉਪਲ ਏ ਡੀ ਓ (ਇਨਫੋਰਸਮੈਂਟ) 15,18, 21, 24, 27 ਅਤੇ 30 ਅਪ੍ਰੈਲ ਨੂੰ ਆਪਣੇ ਫੋਨ ਨੰਬਰ 8872900030 ਉਤੇ ਕਿਸਾਨਾਂ ਲਈ ਹਾਜ਼ਰ ਰਹਿਣਗੇ। ਇਸੇ ਤਰਾਂ ਸੁਖਚੈਨ ਸਿੰਘ ਏ ਡੀ ਓ (ਬੀਜ) 17, 20, 23, 26 ਅਤੇ 29 ਅਪ੍ਰੈਲ ਨੂੰ ਉਨਾਂ ਦੇ ਫੋਨ ਨੰਬਰ ਉਤੇ 9814860114 ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨਾਂ ਦੱਸਿਆ ਕਿ ਬਲਵਿੰਦਰ ਸਿੰਘ ਛੀਨਾ ਏ. ਡੀ. ਓ ਪੌਦ ਸੁਰੱਖਿਆ 16, 19, 22, 25 ਅਤੇ 28 ਅਪ੍ਰੈਲ ਨੂੰ ਕਿਸਾਨ ਵੀਰਾਂ ਦੀ ਸੇਵਾ ਵਿਚ ਕੰਟਰੋਲ ਰੂਮ ਉਤੇ ਡਿਊਟੀ ਕਰਨਗੇ। ਉਨਾਂ ਜਿਲੇ ਦੇ ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਕਿ ਉਹ ਬੀਜਾਂ, ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਬਾਰੇ ਕਿਸੇ ਵੀ ਤਰਾਂ ਦੀ ਜਾਣਕਾਰੀ ਉਕਤ ਨੰਬਰਾਂ ਉਤੇ ਫੋਨ ਕਰਕੇ ਪ੍ਰਾਪਤ ਕਰ ਸਕਦੇ ਹਨ, ਤਾਂ ਜੋ ਉਨਾਂ ਨੂੰ ਖੇਤੀ ਲਈ ਕਿਸੇ ਤਰਾਂ ਦੀ ਕੋਈ ਸਮੱਸਿਆ ਨਾ ਆਵੇ।

============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਸਮਾਰਟ ਸਿਟੀ ਨੇ ਸ਼ੱਕੀ ਮਰੀਜ਼ ਦੀ ਸੂਚਨਾ ਲਈ ਡਾਕਟਰਾਂ ਨੂੰ ਦਿੱਤਾ ਸਮਾਰਟ ਰਸਤਾ**

**ਆਪਣਾ ਸ਼ੰਕਾ ਨਿਵਰਤ ਕਰਨ ਲਈ ਮਰੀਜ਼ ਵੀ ਲੈ ਸਕਦੇ ਹਨ ਵੈਬਸਾਈਟ ਤੋਂ ਸਹਾਇਤਾ**

ਅੰਮ੍ਰਿਤਸਰ, 14 ਅਪ੍ਰੈਲ (        )-

ਗੁਰੂ ਨਗਰੀ ਅੰਮ੍ਰਿਤਸਰ ਦੇ ਡਾਕਟਰ ਜੋ ਕਿ ਕੋਵਿਡ 19 ਵਿਰੁੱਧ ਲੜੀ ਜਾ ਰਹੀ ਜੰਗ ਵਿਚ ਮੋਰਚਿਆਂ ਉਤੇ ਡਟੇ ਹੋਏ ਹਨ, ਦੀ ਸਹੂਲਤ ਲਈ ਜ਼ਿਲਾ ਪ੍ਰਸ਼ਾਸ਼ਨ ਨੇ ਆਪਣੇ ਕੋਲ ਇਲਾਜ ਲਈ ਆਏ ਮਰੀਜ਼, ਜਿਸਦੇ ਲੱਛਣ ਕੋਰੋਨਾ ਤੋਂ ਪ੍ਰਭਾਵਿਤ ਲੱਗਦੇ ਹੋਣ ਦਾ ਡੈਟਾ ਸਿਹਤ ਵਿਭਾਗ ਨਾਲ ਸਾਂਝਾ ਕਰਨ ਲਈ ਆਨ-ਲਾਈਨ ਰਜਿਸਟਰੇਸ਼ਨ ਦੀ ਸਹੂਲਤ ਦਿੱਤੀ ਹੈ। ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਦੀ ਅਗਵਾਈ ਹੇਠ ਡਾਕਟਰਾਂ ਨੂੰ ਇਹ ਸਮਾਰਟ ਰਸਤਾ ਦਿੱਤਾ ਹੈ ਸਮਾਰਟ ਸਿਟੀ ਅੰਮ੍ਰਿਤਸਰ ਨੇ। ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂੰ ਅਗਰਵਾਲ ਨੇ ਦੱਸਿਆ ਕਿ 'ਦਾ ਸਮਾਰਟ ਸਿਟੀ ਲਿਮਟਿਡ' ਨੇ ਕੋਵਿਡ 19 ਖਿਲਾਫ ਜੰਗ ਵਿਚ ਡਟੇ ਸਾਡੇ ਸ਼ਹਿਰ ਦੇ ਡਾਕਟਰ, ਜੋ ਕਿ ਮਰੀਜ਼ ਦੇ ਸਭ ਤੋਂ ਪਹਿਲਾਂ ਸੰਪਰਕ ਵਿਚ ਆਉਂਦੇ ਹਨ, ਦੀ ਸਹੂਲਤ ਲਈ www.asrcovid19helpline.in ਵੈਬਸਾਈਟ ਉਤੇ ਆਨ-ਲਾਇਨ ਰਜਿਸਟਰੇਸ਼ਨ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ, ਇਸ ਨਾਲ ਡਾਕਟਰ ਆਪਣੇ ਕੋਲ ਆਏ ਕਿਸੇ ਵੀ ਸ਼ੱਕੀ ਮਰੀਜ਼ ਦੀ ਜਾਣਕਾਰੀ ਜ਼ਿਲਾ ਪ੍ਰਸ਼ਾਸਨ ਨਾਲ ਸਾਂਝੀ ਕਰ ਸਕਣਗੇ। ਇਸ ਨਾਲ ਜਿੱਥੇ ਮਰੀਜ਼ ਦੇ ਇਲਾਜ ਵਿਚ ਸਹਾਇਤਾ ਮਿਲੇਗੀ, ਉਥੇ ਇਸ ਮਰੀਜ਼ ਤੋਂ ਫੈਲਣ ਵਾਲੇ ਵਾਇਰਸ ਨੂੰ ਰੋਕਣ ਵਿਚ ਸਾਨੂੰ ਮਦਦ ਮਿਲੇਗੀ।

ਉਨਾਂ ਸਮਾਰਟ ਸਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਕੋਮਲ ਮਿੱਤਲ ਵੱਲੋਂ ਦਿੱਤੇ ਇਸ ਸਹਿਯੋਗ ਲਈ ਧੰਨਵਾਦ ਕਰਦੇ ਦੱਸਿਆ ਕਿ ਇਸ ਵੈਬਸਾਈਟ ਦੇ ਮੁੱਖ ਪੰਨੇ ਉਤੇ 'ਸੈਲਫ ਐਸਸਮੈਂਟ' ਦਾ ਲਿੰਕ ਦਿੱਤਾ ਗਿਆ ਹੈ, ਜਿਸ ਦੀ ਵਰਤੋਂ ਕਰਕੇ ਕੋਈ ਵੀ ਵਿਅਕਤੀ, ਜਿਸ ਨੂੰ ਆਪਣੇ ਸਰੀਰ ਵਿਚ ਕੋਵਿਡ 19 ਸਬੰਧੀ ਲੱਛਣ ਵਿਖਾਈ ਦੇਣ, ਉਹ ਸਿਹਤ ਵਿਭਾਗ ਦੀ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਇਸ ਵੈਬਸਾਈਟ ਤੋਂ ਕਰਫਿਊ ਦੇ ਦਿਨਾਂ ਦੌਰਾਨ ਹਰੇਕ ਤਰਾਂ ਦੀ ਜਾਣਕਾਰੀ ਜਿਸ ਵਿਚ ਘਰ ਬੈਠੇ ਜਰੂਰਤ ਵੇਲੇ ਕਰਫਿਊ ਪਾਸ ਹਾਸਿਲ ਕਰਨ ਤੋਂ ਲੈ ਕੇ  ਕਰਿਆਨਾ ਅਤੇ ਦਵਾਈਆਂ ਦੀ ਹੋਮ ਡਿਲਵਰੀ ਸ਼ਾਮਿਲ ਹੈ, ਪ੍ਰਾਪਤ ਕੀਤੀ ਜਾ ਸਕਦੀ ਹੈ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਕਰਫਿਊ ਦੇ ਦਿਨਾਂ ਲਈ ਕੀ -ਕੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਬਾਰੇ ਜਾਣਕਾਰੀ ਵੀ ਇਸ ਵੈਬਸਾਈਟ ਉਤੇ ਮੌਜੂਦ ਹੈ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਤੇ ਜਿਲਾ ਪ੍ਰਸ਼ਾਸਨ ਵੱਲੋਂ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਰੈਡ ਕਰਾਸ ਜ਼ਰੀਏ ਮਦਦ ਕਰਨ ਵਾਸਤ ਜੋ ਫੰਡ ਸ਼ੁਰੂ ਕੀਤਾ ਗਿਆ ਹੈ, ਉਸ ਤੱਕ ਜਾਣ ਦਾ ਰਸਤਾ ਵੀ ਇਹ ਵੈਬਸਾਈਟ ਉਤੇ ਮੌਜੂਦ ਹੈ। ਉਨਾਂ ਡਾਕਟਰਾਂ ਦੇ ਨਾਲ-ਨਾਲ ਆਮ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਤਰਾਂ ਦੀ ਸਹਾਇਤਾ ਲਈ ਇਹ ਸਮਾਰਟ ਰਸਤਾ ਵਰਤਣ ਤੇ ਪਰੇਸ਼ਾਨੀਆਂ ਤੋਂ ਬਚਣ।

==========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕਰਿਆਨਾ ਤੇ ਰਾਸ਼ਨ ਸਪਲਾਈ ਦੇ ਕਰਫਿਊ ਪਾਸ ਹੁਣ 30 ਅਪ੍ਰੈਲ ਤੱਕ ਚੱਲਣਗੇ**

ਅੰਮ੍ਰਿਤਸਰ, 14 ਅਪ੍ਰੈਲ ( )-

ਕੋਵਿਡ 19 ਦੇ ਚੱਲਦੇ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਵਿਚ ਆਮ ਲੋਕਾਂ ਨੂੰ ਨਿੱਤ ਵਰਤੋਂ ਦੀਆਂ ਵਸਤਾਂ ਮੁਹੱਇਆ ਕਰਵਾਉਣ ਲਈ ਜ਼ਿਲਾ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਜਾਰੀ ਕੀਤੇ ਗਏ ਕਰਫਿਊ ਪਾਸ, ਜੋ ਕਿ 14 ਅਪ੍ਰੈਲ ਨੂੰ ਖਤਮ ਹੋ ਰਹੇ ਸਨ, ਵਿਚ 30 ਅਪ੍ਰੈਲ ਤੱਕ ਦਾ ਵਾਧਾ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦੇ ਜਿਲਾ ਖੁਰਾਕ ਤੇ ਸਪਲਾਈ ਅਧਿਕਾਰੀ ਸ. ਲਖਵਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਵੱਲੋਂ ਜਿਲੇ ਭਰ ਵਿਚ ਰਾਸ਼ਨ ਤੇ ਕਰਿਆਨਾ ਘਰ-ਘਰ ਸਪਲਾਈ ਕਰਨ ਵਾਸਤੇ ਕਰੀਬ 950 ਪਰਮਿਟ ਦੁਕਾਨਦਾਰਾਂ ਨੂੰ ਦਿੱਤੇ ਗਏ ਹਨ। ਉਨਾਂ ਦੱਸਿਆ ਕਿ ਕਰਫਿਊ ਦੀ ਮਿਆਦ ਪਹਿਲਾਂ 14 ਅਪ੍ਰੈਲ ਤੱਕ ਸੀ, ਇਸ ਲਈ ਕਰਫਿਊ ਪਾਸ ਵੀ 14 ਅਪ੍ਰੈਲ ਤੱਕ ਜਾਰੀ ਸਨ, ਪਰ ਹੁਣ ਪੰਜਾਬ ਸਰਕਾਰ ਵੱਲੋਂ ਕਰਫਿਊ ਦੀ ਮਿਤੀ ਵਿਚ ਵਾਧਾ ਕਰ ਦੇਣ ਕਾਰਨ ਇਹ ਪਾਸ 30 ਅਪ੍ਰੈਲ ਤੱਕ ਰੀਨਿਊ ਸਮਝੇ ਜਾਣਗੇ। ਉਨਾਂ ਕਿਹਾ ਕਿ ਉਕਤ ਪਰਮਿਟ ਧਾਰਕਾਂ ਨੂੰ ਇਹ ਪਾਸ ਰੀਨਿਊ ਕਰਵਾਉਣ ਦੀ ਲੋੜ ਨਹੀਂ, ਪਰ ਫਿਰ ਵੀ ਜੇਕਰ ਉਨਾਂ ਦੀ ਇਸ ਬਾਬਤ ਕੋਈ ਪੁੱਛ-ਗਿਛ ਹੋਵੇ ਤਾਂ ਉਹ ਕੰਟਰੋਲ ਰੂਮ 0183-2564966 ਉਤੇ ਸੰਪਰਕ ਕਰ ਸਕਦੇ ਹਨ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਜਿਲੇ ਵਿਚ ਰੋਜ਼ਾਨਾ 5500 ਤੋਂ ਵੱਧ ਲੋਕਾਂ ਤੱਕ ਪੁਹੰਚ ਰਿਹਾ ਸੁੱਕਾ ਰਾਸ਼ਨ**

**60 ਹਜ਼ਾਰ ਤੋਂ ਵੱਧ ਲੋਕਾਂ ਨੂੰ ਰੋਜ਼ ਮਿਲ ਰਿਹੈ ਤਿਆਰ ਲੰਗਰ**

ਅੰਮ੍ਰਿਤਸਰ, 14 ਅਪ੍ਰੈਲ (                )-

ਕੋਵਿਡ 19 ਦੇ ਸੰਕਟ ਦੇ ਚੱਲਦੇ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਦੇ ਦਿਨ ਤੋਂ ਹੀ ਜਿਲੇ ਭਰ ਵਿਚ ਲੋੜਵੰਦ ਲੋਕਾਂ ਤੱਕ ਰਾਸ਼ਨ ਤੇ ਲੰਗਰ ਦੀ ਸਪਲਾਈ ਜਾਰੀ ਹੈ। ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਵੱਲੋਂ ਕੀਤੀ ਯੋਜਨਾਬੰਦੀ ਨਾਲ ਤਿਆਰ ਟੀਮਾਂ, ਜਿੰਨਾ ਨੂੰ ਬਤੌਰ ਨੋਡਲ ਅਫਸਰ ਸ੍ਰੀ ਸੰਦੀਪ ਰਿਸ਼ੀ ਅਤੇ ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂੰ ਅਗਰਵਾਲ ਵੇਖ ਰਹੇ ਹਨ, ਤੋਂ ਇਲਾਵਾ ਜਿਲੇ ਦੀਆਂ ਸਮਾਜ ਸੇਵੀ ਜਥੇਬੰਦੀਆਂ ਲੋੜਵੰਦਾਂ ਦੀ ਮਦਦ ਲਈ ਮੈਦਾਨ ਵਿਚ ਹਨ।

ਡਾ. ਹਿਮਾਸ਼ੂੰ ਅਗਰਵਾਲ ਨੇ ਦੱਸਿਆ ਕਿ ਅਸੀਂ ਪਿੰਡ ਪੱਧਰ ਤੱਕ ਟੀਮਾਂ ਗਠਿਤ ਕਰ ਚੁੱਕੇ ਹਾਂ ਅਤੇ ਉਨਾਂ ਟੀਮਾਂ ਦੀ ਸਹਾਇਤਾ ਨਾਲ ਹੀ ਲੋੜਵੰਦ ਲੋਕਾਂ ਤੱਕ ਸੁੱਕਾ ਰਾਸ਼ਨ ਤੇ ਲੰਗਰ ਪੁਹੰਚ ਰਿਹਾ ਹੈ। ਉਨਾਂ ਦੱਸਿਆ ਕਿ ਲਗਭਗ 5000 ਤੋਂ ਵੱਧ ਲੋਕਾਂ ਕੋਲ ਰੋਜ਼ਾਨ ਸੁੱਕਾ ਰਾਸ਼ਨ ਪਹੁੰਚ ਰਿਹਾ ਹੈ ਅਤੇ 60-70 ਹਜ਼ਾਰ ਲੋਕ ਤਿਆਰ ਕੀਤਾ ਲੰਗਰ ਛੱਕ ਰਹੇ ਹਨ। ਉਨਾਂ ਦੱਸਿਆ ਕਿ ਮਦਦ ਪ੍ਰਾਪਤ ਕਰਨ ਵਾਲੇ ਲੋਕਾਂ ਦਾ ਇਹ ਅੰਕੜਾ ਔਸਤਨ ਰੋਜ਼ਾਨਾ ਇੰਨਾ ਹੀ ਹੁੰਦਾ ਹੈ। ਉਨਾਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਕਿ ਸੰਕਟ ਦੇ ਅਜਿਹੇ ਸਮੇਂ ਜਦੋਂ ਬਹੁਤ ਸਾਰੇ ਲੋਕ ਕੰਮ ਛੁੱਟ ਜਾਣ ਕਾਰਨ ਆਪਣੇ ਘਰਾਂ ਵਿਚ ਰਹਿਣ ਲਈ ਮਜ਼ਬੂਰ ਹਨ, ਲਈ ਖਾਣੇ ਦਾ ਪ੍ਰਬੰਧ ਕਰਨ ਵਾਸਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਧਾ ਸੁਆਮੀ ਬਿਆਸ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਸਥਾਨਕ ਗੁਰਦੁਆਰੇ, ਮੰਦਰ, ਸਭਾ-ਸੁਸਾਇਟੀਆਂ ਅਤੇ ਸਮਾਜਸੇਵਾ ਨਾਲ ਜੁੜੇ ਹੋਰ ਬਹੁਤ ਸਾਰੇ ਲੋਕ ਇਸ ਕੰਮ ਲਈ ਅੱਗੇ ਆਏ ਹਨ। ਉਨਾਂ ਦੱਸਿਆ ਕਿ ਹਰੇਕ ਸਬ ਡਵੀਜ਼ਨ ਪੱਧਰ ਉਤੇ ਐਸ ਡੀ ਐਮ , ਤਹਿਸੀਲਦਾਰ, ਬੀ ਡੀ ਪੀ ਓ, ਕਾਨੂੰਗੋ, ਪਟਵਾਰੀ, ਸਰਪੰਚ ਅਤੇ ਪਿੰਡਾਂ ਦੇ ਮੋਹਤਬਰ ਵਿਅਕਤੀ ਇਸ ਕੰਮ ਵਿਚ ਦਿਨ-ਰਾਤ ਲੱਗੇ ਹੋਏ ਹਨ। ਕੰਟਰੋਲ ਰੂਮ ਵਿਚ ਹੁਣ ਵੀ 500 ਤੋਂ ਵੱਧ ਲੋਕ ਰੋਜ਼ਾਨਾ ਫੋਨ ਕਰਕੇ ਸਹਾਇਤਾ ਪ੍ਰਾਪਤ ਕਰ ਰਹੇ ਹਨ। ਉਨਾਂ ਦੱਸਿਆ ਕਿ ਇਹ ਕੰਟਰੋਲ ਰੂਮ 24 ਘੰਟੇ ਤਿੰਨ ਸਿਫਟਾਂ ਵਿਚ ਚੱਲਦਾ ਹੈ ਅਤੇ ਇਸ ਤੋਂ ਇਲਾਵਾ ਰਾਜ ਪੱਧਰੀ ਕੰਟਰੋਲ ਰੂਮ ਤੋਂ ਅੰਮ੍ਰਿਤਸਰ ਜਿਲੇ ਦੇ ਗਏ ਫੋਨਾਂ ਉਤੇ ਵੀ ਮਦਦ ਪਹੁੰਚਾਈ ਜਾਂਦੀ ਹੈ। ਡਾ. ਅਗਰਵਾਲ ਨੇ ਦੱਸਿਆ ਕਿ ਕੱਲ ਵਿਸਾਖੀ ਵਾਲੇ ਦਿਨ ਵੀ 5500 ਲੋਕਾਂ ਨੂੰ ਸੁੱਕਾ ਰਾਸ਼ਨ ਤੇ 70 ਹਜ਼ਾਰ ਲੋਕਾਂ ਤੱਕ ਤਿਆਰ ਕੀਤਾ ਲੰਗਰ ਭੇਜਿਆ ਗਿਆ ਹੈ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਖੁਸ਼ਖਬਰੀ-ਸ਼ੱਕੀ ਇਲਾਕਿਆਂ ਵਿਚੋਂ ਨਹੀਂ ਮਿਲਿਆ ਇਕ ਵੀ ਮਰੀਜ਼**

**3 ਤਿੰਨਾਂ ਵਿਚ 12000 ਤੋਂ ਵੱਧ ਘਰਾਂ ਵਿਚ ਪਹੁੰਚੀਆਂ ਸਿਹਤ ਵਿਭਾਗ ਦੀਆਂ ਟੀਮਾਂ**

ਅੰਮ੍ਰਿਤਸਰ, 14 ਅਪ੍ਰੈਲ ( )-

ਖੁਸ਼ੀ ਦੀ ਗੱਲ ਹੈ ਕਿ ਅੰਮ੍ਰਿਤਸਰ ਸ਼ਹਿਰ ਦੇ 'ਹੌਟ ਸਪਾਟ' ਸਮਝੇ ਜਾਂਦੇ ਇਲਾਕੇ ਜਿਸ ਵਿਚ ਕੋਵਿਡ 19 ਕਾਰਨ ਅਕਾਲ ਚਲਾਣਾ ਕਰ ਗਏ ਭਾਈ ਨਿਰਮਲ ਸਿੰਘ ਖਾਲਸਾ ਅਤੇ ਕਾਰਪੋਰੇਸ਼ਨ ਦੇ ਸਾਬਕਾ ਐਸ. ਈ. ਜਸਵਿੰਦਰ ਸਿੰਘ ਦਾ ਘਰ ਹੈ, ਦੀ ਘਰ-ਘਰ ਜਾ ਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਕੀਤੀ ਗਈ ਸਕਰੀਨਿੰਗ ਦੌਰਾਨ ਇਕ ਵੀ ਕੋਵਿਡ ਦਾ ਮਰੀਜ਼ ਨਹੀਂ ਮਿਲਿਆ। ਖੁਸ਼ੀ ਦੀ ਇਹ ਖ਼ਬਰ ਸਾਂਝੀ ਕਰਦੇ ਨਗਰ ਨਿਗਮ ਦੇ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਇਲਾਕੇ ਦੀ ਸਕਰੀਨਿੰਗ ਲਈ ਸਿਹਤ ਵਿਭਾਗ ਦੀਆਂ 42 ਟੀਮਾਂ ਨੇ ਤਿੰਨ ਦਿਨਾਂ ਵਿਚ ਕਾਂਗੜਾ ਕਾਲੋਨੀ, ਅਮਰਕੋਟ, ਸੁੰਦਰ ਨਗਰ, ਅੰਤਰਯਾਮੀ ਕਾਲੋਨੀ, ਗੋਲਡਨ ਐਵੀਨਿਊ ਆਦਿ ਦੇ 12401 ਘਰਾਂ ਦੀ ਜਾਂਚ ਕੀਤੀ। ਇਸ ਦੌਰਾਨ ਇਸ ਇਲਾਕੇ ਵਿਚ ਰਹਿੰਦੇ 53865 ਵਿਅਕਤੀਆਂ ਦੀ ਸਿਹਤ ਦੀ ਜਾਂਚ ਟੀਮਾਂ ਨੇ ਕੀਤੀ, ਜਿੰਨਾ ਵਿਚੋਂ ਕੇਵਲ ਇਕ ਸ਼ੱਕੀ ਮਰੀਜ਼ ਮਿਲਿਆ ਸੀ, ਪਰ ਮੁੱਢਲੀ ਰਿਪੋਰਟ ਉਸਦੀ ਨੈਗੇਟਿਵ ਆਈ ਹੈ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਖਾਂਸੀ , ਜ਼ੁਕਾਮ ਦੇ 5 ਮਰੀਜ਼ ਮਿਲੇ ਹਨ, ਜਿੰਨਾ ਨੂੰ ਘਰ ਵਿਚ ਇਕਾਂਤਵਾਸ ਰਹਿਣ ਦੀ ਹਦਾਇਤ ਕੀਤੀ ਗਈ ਹੈ।

ਸ੍ਰੀਮਤੀ ਕੋਮਲ ਮਿੱਤਲ ਨੇ ਇਸ ਸਰਵੈ ਲਈ ਸਿਹਤ ਵਿਭਾਗ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕਰਦੇ ਕਿਹਾ ਕਿ ਸ਼ਹਿਰ ਦੇ ਸ਼ੱਕੀ ਇਲਾਕਿਆਂ ਦਾ ਸਰਵੈ ਵਧੀਆ ਆਉਣ ਨਾਲ ਚੰਗੀ ਉਮੀਦ ਜਾਗੀ ਹੈ ਅਤੇ ਆਸ ਹੈ ਕਿ ਅਸੀਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਛੇਤੀ ਹੀ ਇਸ ਸੰਕਟ ਵਿਚੋਂ ਬਾਹਰ ਆ ਜਾਵਾਂਗੇ। ਉਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਦਰਸਾਈਆਂ ਗਈਆਂ ਸਾਵਧਾਨੀਆਂ ਦਾ ਪਾਲਣ ਕਰਨ ਅਤੇ ਆਪਣੇ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਯਕੀਨੀ ਬਨਾਉਣ। ਇਸ ਮੌਕੇ ਡਾਕਟਰ ਆਰ. ਐਸ. ਸੇਠੀ, ਡਾ. ਰਸ਼ਮੀ, ਕੋਵਿਡ 19 ਦੇ ਨੋਡਲ ਅਧਿਕਾਰੀ ਡਾ. ਮਦਨ ਮੋਹਨ ਅਤੇ ਹੋਰ ਡਾਕਟਰ ਵੀ ਹਾਜ਼ਰ ਸਨ।

==========